# ਪੰਜਾਬ ਐਜੂਸੈਟ ਸੁਸਾਇਟੀ

ਈ.ਐਂਡ.ਐਫ ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ,
ਪਹਿਲੀ ਮੰਜ਼ਿਲ, ਪੀ.ਐਸ.ਈ.ਬੀ.ਕੈਂਪਸ, ਫੇਜ਼-8, ਅਜੀਤਗੜ੍ਹ।
ਫੋਨ ਨੰ. 0172- 2231800, 2215701 ਈ-ਮੇਲ: edusat.punjab@gmail.com


ਸੇਵਾ ਵਿਖੇ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਐਜੂਸੈਟ ਸੁਵਿਧਾ ਵਾਲੇ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ.: 24/40/2013/ਪੀ.ਈ.ਐਸ/ਟਾਈਮ-ਸ਼ਡਿਊਲ/7438-39
ਮਿਤੀ: 23 ਸਤੰਬਰ, 2014

ਵਿਸ਼ਾ: ਸਕੂਲ ਸਿੱਖਿਆ ਵਿਭਾਗ ਲਈ ਸ਼ਡਿਊਲ ਮਹੀਨਾ ਅਕਤੂਬਰ-2014

1.0 ਅਕਤੂਬਰ 2014 ਦੀ ਐਜੂਸੈਟ ਸ਼ਡਿਊਲ, ਜਿਸ ਵਿੱਚ 8ਵੀਂ ਤੋਂ 12 ਜਮਾਤ ਲਈ ਸਕੂਲ ਸਿੱਖਿਆ ਵਿਭਾਗ ਲਈ ਨਸ਼ਰ ਕੀਤੇ ਜਾਣ ਵਾਲੇ ਰੈਗੂਲਰ ਪ੍ਰੋਗਰਾਮਾਂ ਦਾ ਵੇਰਵਾ ਹੈ, ਭੇਜੀ ਜਾ ਰਹੀ ਹੈ। ਕ੍ਰਿਪਾ ਕਰਕੇ ਸਬੰਧਤ ਸਕੂਲ ਮੁੱਖੀ ਯਕੀਨੀ ਬਣਾਉਣ ਕਿ ਸ਼ਡਿਊਲ ਮੁਤਾਬਿਕ ਸਬੰਧਤ ਵਿਸ਼ਾ ਅਧਿਆਪਕ ਅਤੇ ਵਿੱਦਿਆਰਥੀ ਐਜੂਸੈਟ ਰੂਮ ਵਿੱਚ ਹਾਜ਼ਰ ਰਹਿ ਕੇ ਨਸ਼ਰ ਕੀਤੇ ਪ੍ਰੋਗਰਾਮਾਂ ਵਿੱਚ ਭਾਗ ਲੈਣ। ਟੈਲੀਕਾਸਟ ਸਮੇਂ ਕਿਸੇ ਤਕਨੀਕੀ ਖਰਾਬੀ ਕਾਰਣ ਨੈਟਵਰਕ ਫੇਲ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਵਿਸ਼ਾ ਅਧਿਆਪਕ ਉਸ ਟਾਪਿਕ ਨੂੰ ਪੂਰਾ ਕਰੇਗਾ। ਐਜੂਸੈਟ ਲਾਈਬਰੇਰੀ ਦੀ ਵਰਤੋਂ ਪੀਰੀਅਡ ਐਡਜਸਟਮੈਂਟ ਲਈ ਜਰੂਰ ਕੀਤੀ ਜਾਵੇ।

2.0 ਐਜੂਸੈਟ ਰੂਮ ਅਤੇ ਐਜੂਸੈਟ ਲਾਈਬਰੇਰੀ ਵਿੱਚ ਹਰ ਸਬੰਧਤ ਪੀਰੀਅਡ ਵਿੱਚ ਵਿੱਦਿਆਰਥੀਆਂ ਦੀ ਹਾਜ਼ਰੀ ਐਜੂਸੈਟ ਰਜਿਸਟਰ ਵਿੱਚ ਲਗਾਈ ਜਾਵੇ ਅਤੇ ਸਟੇਟ ਦਫਤਰ ਵੱਲੋਂ ਟੈਲੀਫੋਨ ਰਾਹੀਂ ਸਕੂਲ ਮੁੱਖੀਆਂ, ਵਿਸ਼ਾ ਅਧਿਆਪਕਾਂ ਅਤੇ ਵਿੱਦਿਆਰਥੀਆਂ ਤੋਂ ਲਿਆ ਜਾਣ ਵਾਲਾ ਫੀਡਬੈਕ ਵੀ ਦਿੱਤਾ ਜਾਵੇ। ਸਕੂਲ ਮੁੱਖੀ ਐਜੂਸੈਟ ਰਜਿਸਟਰ ਵਿੱਚ ਐਜੂਸੈਟ ਪ੍ਰੋਗਰਾਮਾਂ ਦਾ ਰਿਕਾਰਡ ਵੀ ਤਸਦੀਕ ਕਰੇਗਾ, ਜਿਸ ਵਿੱਚ ਵਿੱਦਿਆਰਥੀਆਂ ਦੀ ਗਿਣਤੀ ਅਤੇ ਸਬੰਧਤ ਅਧਿਆਪਕ ਦਾ ਨਾਮ ਵੀ ਦਰਜ ਹੋਵੇ।

3.0 ਸਮੂਹ ਪ੍ਰਿੰਸੀਪਲ ਡਾਈਟ ਨਸ਼ਰ ਕੀਤੇ ਪ੍ਰੋਗਰਾਮਾਂ ਦੀ ਹਫਤਾਵਾਰ ਇਵੈਲੂਏਸ਼ਨ ਰਿਪੋਰਟ ਸਬੰਧਤ ਆਪਣੀ ਸੰਸਥਾ ਦੇ ਲੈਕਚਰਾਰ ਤੋਂ ਤਿਆਰ ਕਰਵਾ ਕੇ (ਡਾਇਰੈਕਟਰ ਐਸ.ਸੀ.ਈ.ਆਰ.ਟੀ ਰਾਹੀਂ) ਈ-ਮੇਲ punjabedusatevaluation@gmail.com ਤੇ ਭੇਜਣੀ ਯਕੀਨੀ ਬਣਾਉਣਗੇ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/40/2013/ਪੀ.ਈ.ਐਸ/ਟਾਈਮ-ਸ਼ਡਿਊਲ/7440 ਮਿਤੀ: 23.09.2014

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

1. ਡੀ.ਪੀ.ਆਈ.(ਸੈ.ਸਿ) ਪੰਜਾਬ ਚੰਡੀਗੜ੍ਹ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਡਿਪਟੀ ਡਾਇਰੈਕਟਰ, ਐਸ.ਆਈ.ਐਸ.ਈ ਪੰਜਾਬ ਪੱਤਰ ਨੰ. 24/104/2013/ਪੀ.ਈ.ਐਸ/ਆਰ.ਪੀ/4278-79, ਮਿਤੀ 17.08.2013 ਦੇ ਹਵਾਲੇ ਨਾਲ।
4. ਸਮੂਹ ਪ੍ਰਿੰਸੀਪਲ ਡਾਈਟ ਅਤੇ ਜੀ.ਆਈ.ਐਸ.ਟੀ.ਸੀ।
5. ਸਬੰਧਤ ਵਿਸ਼ਾ ਮਾਹਿਰ, ਸਟੂਡਿਓ ਇੰਜੀਨੀਅਰ ਅਤੇ ਤਕਨੀਕੀ ਸਟਾਫ, ਐਜੂਸੈਟ।
6. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੈਬਸਾਈਟ ਤੇ ਪਾਉਣ ਹਿੱਤ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ